# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ, ਚੰਡੀਗੜ੍ਹ

ਮੀਮੋ ਨੰ: 2008/ਸਸਅ/ਕੋਆਰਡੀਨੇਸ਼ਨ/76021
ਮਿਤੀ: ਚੰਡੀਗੜ੍ਹ 13.11.09

**ਵਿਸ਼ਾ: ਛੇਵੀਂ, ਸੱਤਵੀਂ, ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਨਤੀਜੇ ਤਿਆਰ ਕਰਨ ਵੇਲੇ ਬੋਰਡ ਵੱਲੋਂ ਅਪਣਾਏ ਜਾਂਦੇ ਕਰੀਟੇਰੀਏ ਬਾਰੇ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਪੱਤਰ ਨੰ. ਸਸਅ/ਕੋਆਰਡੀਨੇਸ਼ਨ / 09/44820-39, ਮਿਤੀ 08.06.09., ਸਸਅ/ ਕੋਆਰਡੀਨੇਸ਼ਨ/ 09/51273-313, ਮਿਤੀ 07.07.09 ਅਤੇ ਸਸਅ/ ਕੋਆਰਡੀਨੇਸ਼ਨ/09/76021, ਮਿਤੀ 13.11.09 ਦੇ ਸਬੰਧ ਵਿੱਚ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਆਮ ਤੌਰ ਤੇ ਸਕੂਲ ਮੁੱਖੀਆ ਵਲੋਂ ਛੇਵੀਂ, ਸੱਤਵੀਂ, ਨੌਵੀਂ ਅਤੇ ਗਿਆਰ੍ਹਵੀਂ ਕਲਾਸਾਂ ਦੇ ਨਤੀਜੇ ਤਿਆਰ ਕਰਨ ਵੇਲੇ ਅਪਣਾਏ ਜਾਂਦੇ ਕਰੀਟੇਰੀਏ ਨੂੰ ਨਹੀਂ ਅਪਣਾਇਆ ਜਾਂਦਾ ਬਲਕਿ ਸਕੂਲ ਮੁੱਖੀਆ ਵਲੋਂ ਆਪਣੀ ਪੱਧਰ ਤੇ ਆਪਣੀ ਮਨ ਮਰਜੀ ਨਾਲ ਬੱਚਿਆਂ ਨੂੰ ਪਾਸ ਕਰਨ ਦਾ ਕਰੀਟੇਰੀਆ ਬਣਾਇਆ ਜਾਂਦਾ ਹੈ। ਇਸ ਮੁੱਦੇ ਤੇ ਆਪ ਜੀ ਨਾਲ ਕਾਫੀ ਵਿਸਥਾਰਪੂਰਵਕ ਵਿਚਾਰ ਵਟਾਂਦਾਰਾ ਮਹੀਨਾਵਾਰ ਮੀਟਿੰਗਾਂ ਵਿੱਚ ਵੀ ਕੀਤਾ ਗਿਆ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋ ਅਪਣਾਏ ਗਏ ਵੱਖ ਵੱਖ ਕਲਾਸਾਂ ਦੇ ਕਰੀਟੇਰੀਏ ਦੀ ਲੋੜੀਂਦੀ ਜਾਣਕਾਰੀ ਵੀ ਹਾਸਲ ਕੀਤੀ ਗਈ ਹੈ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲ ਮੁੱਖੀਆ ਨੂੰ ਇਹ ਹਦਾਇਤਾਂ ਜਾਰੀ ਕੀਤੀਆ ਜਾਣ ਕਿ ਉਹ ਛੇਵੀਂ, ਸੱਤਵੀਂ ਕਲਾਸਾਂ ਦੇ ਨਤੀਜੇ ਤਿਆਰ ਕਰਨ ਲਈ ਉਹ ਬੋਰਡ ਦੇ ਅੱਠਵੀ ਕਲਾਸ ਦੇ ਲਈ ਬਣਾਏ ਗਏ ਕਰੀਟੇਰੀਏ ਨੂੰ ਅਪਨਾਉਣ, ਨੌਵੀਂ ਕਲਾਸ ਲਈ ਬੋਰਡ ਦੇ ਨਿਰਧਾਰਤ ਕੀਤੇ ਦਸਵੀਂ ਕਲਾਸ ਦੇ ਕਰੀਟੇਰੀਏ ਨੂੰ ਅਤੇ 11ਵੀਂ ਦੇ ਨਤੀਜੇ ਲਈ ਬੋਰਡ ਦੇ ਬਾਰ੍ਹਵੀ ਕਲਾਸ ਦੇ ਕਰੀਟੇਰੀਏ ਨੂੰ ਅਪਨਾਉਣ। ਸਬੰਧਤ ਸਕੂਲ ਮੁੱਖੀਆ ਨੂੰ ਹਦਾਇਤਾਂ ਜਾਰੀ ਕੀਤੀਆ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਨੱਥੀ: ਪੰ.ਸ.ਸਿ.ਬੋ. ਵੱਲੋਂ ਨਿਰਧਾਰਿਤ ਕਰੀਟੇਰੀਆ ।**

ਉਤਾਰਾ : ਡੀ.ਐਮ. ਐਮ. ਆਈ.ਐਸ (ਵੈਬ ਸਾਈਟ ਲਈ)

ਪੀ.ਏ. / ਡੀ.ਜੀ.ਐਸ.ਈ.

## ਪੰਜਾਬ ਸਕੂਲ ਸਿੱਖਿਆ ਬੋਰਡ

## ਮਿਡਲ ਪੱਧਰ ਪ੍ਰੀਖਿਆ ਫ਼ਰਵਰੀ, 2010 ਲਈ ਪਾਸ ਫਾਰਮੂਲਾ

1.1 ਪਾਸ ਹੋਣ ਲਈ ਪ੍ਰੀਖਿਆਰਥੀ ਨੂੰ ਪੰਜਾਬੀ ਤੋਂ ਇਲਾਵਾ ਪੰਜ ਵਿਸ਼ਿਆ ਅੰਗ੍ਰੇਜੀ, ਪਹਿਲੀ ਭਾਸ਼ਾ, ਗਣਿਤ ਵਿਗਿਆਨ ਅਤੇ ਸਮਾਜਿਕ ਸਿੱਖਿਆ ਵਿੱਚੋਂ ਘੱਟੋ ਘੱਟ ਚਾਰ ਵਿਸ਼ਿਆ ਵਿੱਚੋਂ ਪਾਸ ਹੌਣਾ ਜਰੂਰੀ ਹੈ।

1.2 ਕਿਸੇ ਵੀ ਵਿਸ਼ੇ ਜਿਸ ਦੀ ਕੇਵਲ ਲਿਖਤੀ ਪ੍ਰੀਖਿਆ ਹੈ ਵਿੱਚੋ ਪਾਸ ਹੌਣ ਲਈ ਘੱਟੋ ਘੱਟ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਵਿਗਿਆਨ ਜਾਂ ਕਿਸੇ ਹੋਰ ਅਜਿਹੇ ਵਿਸ਼ੇ ਜਿਸ ਦੀ ਪ੍ਰਯੋਗੀ ਪ੍ਰੀਖਿਆ ਲਈ ਜਾਂਦੀ ਹੈ ਵਿਚੋਂ ਪਾਸ ਹੌਣ ਲਈ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਵਿੱਚੋਂ ਵੱਖ - 2 ਤੌਰ ਤੇ 30% ਅੰਕ ਅਤੇ ਕੁੱਲ ਮਿਲਾ ਕੇ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ।

1.3 ਜੇਕਰ ਕੋਈ ਪ੍ਰੀਖਿਆਰਥੀ ਇੱਕ ਜਾਂ ਵੱਧ ਵਿਸ਼ਿਆ ਵਿੱਚੋਂ ਫੇਲ ਹੁੰਦਾ ਹੈ ਅਤੇ ਕੁਲ ਘਾਟ 8 ਅੰਕਾਂ ਦੀ ਹੋਵੇ ਤਾਂ ਅਜਿਹੇ ਪ੍ਰੀਖਿਆਂਰਥੀਆਂ ਨੂੰ ਪਾਸ ਹੋਣ ਲਈ ਵਿਸ਼ਿਆਂ ਦੀ ਗਿਣਤੀ ਦਾ ਧਿਆਨ ਕੀਤੇ ਬਿਨਾ 8 ਗਰੇਸ ਅੰਕ ਦਿੱਤੇ ਜਾਣਗੇ ਵਿਸ਼ਿਆਂ ਦੀ ਤਰਜੀਹ ਇਸ ਤਰ੍ਹਾਂ ਹੋਵੇਗੀ:- ਪੰਜਾਬੀ, ਸਾਇੰਸ, ਗਣਿਤ, ਅੰਗ੍ਰੇਜੀ, ਹਿੰਦੀ ਸਮਾਜਿਕ ਸਿੱਖਿਆ, ਚੋਣਵਾਂ ਵਿਸ਼ਾ, ਸਿਹਤ ਤੇ ਸਰੀਰਕ ਸਿੱਖਿਆ।

1.4 ਪਾਸ ਫਾਰਮੂਲੇ ਅਧੀਨ ਪ੍ਰੀਖਿਆ ਪਾਸ ਕਰਨ ਵਾਲੇ ਪ੍ਰੀਖਿਆਰਥੀ ਨੂੰ ਬਾਕੀ ਬਚਦੇ ਗਰੇਸ ਅੰਕ ਦਿੱਤੇ ਜਾਣਗੇ ਭਾਵੇਂ ਉਹ ਇੱਕ ਜਾਂ ਵਾਧੂ ਚੋਣਵੇਂ ਵਿਸ਼ੇ ਵਿੱਚੋਂ ਫੇਲ ਹੋਵੇ।

1.5 ਕੇਵਲ ਰੈਗੁਲਰ ਪ੍ਰੀਖਿਆਰਥੀਆਂ ਲਈ ਆਤਰਿਕ ਮੁਲਾਂਕਣ ਦੇ ਅੰਕ ਅਕਾਦਮਿਕ ਪ੍ਰਾਪਤੀਆਂ, ਸਹਿ ਅਕਾਦਮਿਕ ਪ੍ਰਾਪਤੀਆਂ, ਸਮਾਜ ਭਲਾਈ ਗਤੀਵਿਧੀਆਂ, ਵਿਅਕਤੀਤਵ ਵਿਕਾਸ ਕਿਰਿਆਵਾਂ ਅਤੇ ਸਕੂਲ ਵਿੱਚ ਹਾਜ਼ਰੀਆਂ ਤੇ ਅਧਾਰਤ ਹਨ।

ਨੋਟ: ਜਿਹੜੇ ਸਰਕਾਰੀ ਸਕੂਲਾਂ ਦੇ ਪ੍ਰੀਖਿਆਰਥੀਆਂ ਦੀ ਲਾਜ਼ਮੀ ਕੰਪਿਊਟਰ ਸਿੱਖਿਆ ਵਿੱਚ ਗ੍ਰੇਡਿੰਗ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਭੇਜੀ ਗਈ ਹੈ, ਉਹਨਾਂ ਪ੍ਰੀਖਿਆਰਥੀਆਂ ਦੀ ਗ੍ਰੇਡਿੰਗ ਹੇਠ ਲਿਖੇ ਅਨੁਸਾਰ ਦਰਸਾਈ ਗਈ ਹੈ:-

| | | |
|---|---|---|
| A | -------> | Excellent |
| B | -------> | Very Good |
| C | -------> | Good |
| D | -------> | Average |
| X | -------> | Absent |

# ਪੰਜਾਬ ਸਕੂਲ ਸਿੱਖਿਆ ਬੋਰਡ

## ਦਸਵੀਂ ਪ੍ਰੀਖਿਆ ਮਾਰਚ, 2010 ਦਾ ਪਾਸ ਫਾਰਮੂਲਾ

ਹਰ ਪ੍ਰੀਖਿਆਰਥੀ ਨੇ ਇਹ ਪ੍ਰੀਖਿਆ ਪਾਸ ਕਰਨ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਪੂਰੀਆਂ ਕਰਨੀਆਂ ਹਨ:-

1. ਕੁੱਲ ਵਿਸ਼ੇ 9 ਹਨ ਜੋ ਹੇਠ ਦਰਜ਼ ਹਨ:-

   ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਰਚਾਰ, ਅੰਗਰੇਜੀ, ਹਿੰਦੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਕੰਪਿਊਟਰ ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ ਅਤੇ ਚੋਣਵਾਂ ਵਿਸ਼ਾ (ਕੋਈ ਇੱਕ) ਭਾਵ (ਮਕੈਨੀਕਲ ਡਰਇੰਗ ਤੇ ਚਿੱਤਰਕਲਾ, ਕਟਿੰਗ ਅਤੇ ਟੇਲਰਿੰਗ, ਸੰਗੀਤ (ਗਾਇਨ), ਸੰਗੀਤ (ਵਾਦਨ), ਸੰਗੀਤ (ਤਬਲਾ), ਗ੍ਰਹਿ ਵਿਗਿਆਨ, ਖੇਤੀਬਾੜੀ, ਸੰਸਕ੍ਰਿਤ, ਉਰਦੂ, ਬੰਗਲਾ, ਮਰਾਠੀ, ਗੁਜਰਾਤੀ, ਤੇਲਗੂ, ਤਾਮਿਲ, ਮਲਿਆਲਮ, ਉੜੀਆ, ਅਸਾਮੀ, ਕੰਨੜ, ਫਾਰਸੀ, ਅਰਬੀ, ਨਿਪਾਲੀ, ਤਿਬਤੀ, ਜਰਮਨ, ਪੁਰਤਗਾਲੀ, ਰੂਸੀ, ਕੋਰੀਅਨ ਅਤੇ ਪ੍ਰੀ-ਵੋਕੇਸ਼ਨਲ ਵਿਸ਼ਿਆਂ ਆਦਿ ਵਿੱਚੋਂ ਹਰ ਪ੍ਰੀਖਿਆਰਥੀ ਲਈ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਰਚਾਰ ਵਿਸ਼ਾ ਪਾਸ ਕਰਨਾ ਲਾਜ਼ਮੀ ਹੈ ਅਤੇ ਅੰਗਰੇਜੀ, ਹਿੰਦੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ ਵਿਸ਼ਿਆਂ ਵਿੱਚੋਂ ਕੋਈ ਚਾਰ ਵਿਸ਼ੇ ਪਾਸ ਕਰਨੇ ਹਨ।

2. ਮਾਰਚ 2010 ਦੀ ਪ੍ਰੀਖਿਆ ਦੇ ਕੁੱਲ ਅੰਕ 950 ਹੋਣਗੇ। ਕਿਸੇ ਵੀ ਵਿਸ਼ੇ ਵਿੱਚੋਂ ਪਾਸ ਹੋਣ ਲਈ ਘੱਟੋ - ਘੱਟ 33% ਅੰਕ ਪ੍ਰਾਪਤ ਕਰਨੇ ਜਰੂਰੀ ਹਨ। ਪ੍ਰਯੋਗੀ ਪ੍ਰੀਖਿਆ ਵਾਲੇ ਵਿਸ਼ੇ ਵਿੱਚੋਂ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਵਿੱਚ ਵੱਖਰੇ - ਵੱਖਰੇ ਘੱਟੋ - ਘੱਟ 33% ਅੰਕ ਅਤੇ ਕੁਲ ਮਿਲਾ ਕੇ 33% ਅੰਕ ਪ੍ਰਾਪਤ ਕਰਨੇ ਜਰੂਰੀ ਹੋਣਗੇ।

3. (ੳ) ਉਮੀਦਵਾਰ ਵਿਸ਼ੇ/ਵਿਸ਼ਿਆਂ ਦੀ ਪ੍ਰੀਖਿਆ ਵਿੱਚ ਅਪੀਅਰ ਹੁੰਦਾ ਹੈ, ਉਨ੍ਹਾਂ ਦੇ ਕੁੱਲ ਯੋਗ ਨੰਬਰਾਂ ਦਾ ਇੱਕ ਪ੍ਰਤੀਸ਼ਤ ਗਰੇਸ ਅੰਕ ਵੱਜੋਂ ਦਿੱਤੇ ਜਾਣੇ ਹਨ। ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀ ਨੂੰ ਇੱਕ ਪ੍ਰਤੀਸ਼ਤ ਦੇ ਹਿਸਾਬ ਨਾਲ 10 ਅੰਕਾਂ ਦੀ ਗਰੇਸ ਫੇਲ ਤੋਂ ਰੀਅਪੀਅਰ ਬਣਾਉਣ ਲਈ, ਪ੍ਰੀਖਿਆ ਪਾਸ ਕਰਨ ਲਈ ਜਾ ਦਰਜ਼ਾ ਵਧਾਉਣ ਲਈ ਭਾਵ 570, 428 ਅਤੇ 475 ਅੰਕ ਕਰਨ ਲਈ ਦਿੱਤੀ ਜਾਵੇਗੀ, ਬਸ਼ਰਤੇ ਕਿ ਪ੍ਰੀਖਿਆਰਥੀ ਨੇ ਪਹਿਲਾਂ ਪਾਸ ਹੋਣ ਲਈ ਕੋਈ ਗਰੇਸ ਨਾ ਲਈ ਹੋਵੇ। ਇਹ ਗਰੇਸ ਅੰਕ ਦੇਣ ਸਮੇਂ ਹੇਠ ਅਨੁਸਾਰ ਵਿਸ਼ਿਆਂ ਨੂੰ ਤਰਜੀਹ ਦਿੱਤੀ ਜਾਵੇਗੀ:-

   ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰਕ, ਵਿਗਿਆਨ, ਗਣਿਤ, ਅੰਗਰੇਜੀ, ਹਿੰਦੀ, ਸਮਾਜਿਕ ਸਿੱਖਿਆ, ਕੰਪਿਊਟਰ ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ ਅਤੇ ਚੋਣਵਾ ਵਿਸ਼ਾ।

(ਅ) ਜੇ ਕੋਈ ਪ੍ਰੀਖਿਆਰਥੀ ਬਿਨ੍ਹਾਂ ਰਿਆਇਤੀ ਅੰਕਾਂ ਦੇ ਪਾਸ ਹੋ ਜਾਂਦਾ ਹੈ ਪਰ ਇੱਕ ਜਰੂਰੀ ਵਿਸ਼ੇ ਵਿੱਚ ਫੇਲ ਹੋ ਜਾਂਦਾ ਹੈ ਤਾਂ ਜੇਕਰ ਇਹ ਘਾਟ 10 ਅੰਕਾਂ ਤੱਕ ਦੀ ਹੋਵੇ

ਤਾਂ ਲੋੜ ਅਨੁਸਾਰ ਇਹ ਰਿਆਇਤੀ ਅੰਕ ਦੇਕੇ ਪ੍ਰੀਖਿਆਰਥੀ ਨੂੰ ਉਸ ਵਿਸ਼ੇ ਵਿੱਚ ਵੀ ਪਾਸ ਕੀਤਾ ਜਾਵੇ। ਜੇਕਰ ਕੋਈ ਪ੍ਰੀਖਿਆਰਥੀ ਸਾਰੇ ਜਰੂਰੀ ਵਿਸ਼ਿਆਂ ਵਿੱਚ ਪਾਸ ਹੈ ਤਾਂ ਇਹ ਗਰੇਸ ਅੰਕ ਕੰਪਿਊਟਰ ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ ਅਤੇ ਚੋਣਵੇਂ ਵਿਸ਼ਾ ਪਾਸ ਕਰਨ ਲਈ ਹੀ ਦਿੱਤੇ ਜਾਣਗੇ। ਮਾਰਚ 2010 ਵਿੱਚ ਕਾਰਗੁਜ਼ਾਰੀ ਕੈਟਾਗਰੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਤੀਆਂ ਨੇ ਜੇਕਰ ਮਾਰਚ 2008 ਵਿੱਚ ਪ੍ਰੀਖਿਆ ਪਾਸ ਕੀਤੀ ਸੀ ਤਾਂ ਉਨ੍ਹਾਂ ਤੇ ਮਾਰਚ 2008 ਵਾਲਾ ਪਾਸ ਫਾਰਮੂਲਾ ਲਾਗੂ ਹੋਵੇਗਾ ਅਤੇ ਜੇਕਰ ਉਨ੍ਹਾਂ ਨੇ ਮਾਰਚ 2009 ਵਿੱਚ ਪ੍ਰੀਖਿਆ ਪਾਸ ਕੀਤੀ ਸੀ ਤਾਂ ਉਨ੍ਹਾਂ ਤੇ ਮਾਰਚ 2009 ਵਾਲਾ ਪਾਸ ਫਾਰਮੂਲਾ ਲਾਗੂ ਹੋਵੇਗਾ। ਮਾਰਚ 2010 ਵਿੱਚ ਰੀਅਪੀਅਰ ਕੈਟਾਗਰੀ ਅਧੀਨ ਅਪੀਅਰ ਹੋਣ ਵਾਲੇ ਪ੍ਰੀਖਿਆਰਥੀਆਂ ਲਈ ਮਾਰਚ 2009 ਵਾਲਾ ਪਾਸ ਫਾਰਮੂਲਾ ਹੀ ਲਾਗੂ ਹੋਵੇਗਾ।

(ੲ) ਪ੍ਰੀਖਿਆ ਪਾਸ ਕਰਨ ਉਪਰੰਤ ਵਾਧੂ ਵਿਸ਼ੇ ਦੀ ਕੈਟਾਗਰੀ ਅਧੀਨ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀ ਨੂੰ ਪ੍ਰੀਖਿਆ ਲਈ ਦਿੱਤੇ ਵਿਸ਼ਿਆਂ ਦੀ ਕੁੱਲ ਅੰਕਾਂ ਦੀ 1% ਗਰੇਸ ਦਿੱਤੀ ਜਾਵੇਗੀ, ਜੇਕਰ ਵਾਧੂ ਵਿਸ਼ਾ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਹੈ ਤਾਂ 2 ਅੰਕਾਂ ਦੀ ਗਰੇਸ ਦਿੱਤੀ ਜਾਵੇਗੀ।

(ਸ) ਜਿਹੜੇ ਪ੍ਰੀਖਿਆਰਥੀ ਰੀਅਪੀਅਰ ਕੈਟਾਗਰੀ ਅਧੀਨ ਪ੍ਰੀਖਿਆ ਦਿੰਦੇ ਹਨ ਭਾਵੇਂ ਉਨ੍ਹਾਂ ਨੇ ਰੀਅਪੀਅਰ ਗਰੇਸ ਅੰਕ ਲੈਕੇ ਪ੍ਰਾਪਤ ਕੀਤੀ ਹੈ ਜਾਂ ਇਸ ਤੋਂ ਬਿਨ੍ਹਾਂ, ਉਨ੍ਹਾਂ ਨੂੰ ਇਹ ਵਿਸ਼ਾ/ਵਿਸ਼ੇ ਪਾਸ ਕਰਨ ਲਈ ਗ੍ਰੇਸ ਅੰਕ ਵੱਧ ਤੋਂ ਵੱਧ 1% ਤੱਕ ਦਿੱਤੇ ਜਾਣਗੇ। 1% ਰਿਆਇਤੀ ਅੰਕ ਅਪੀਅਰ ਹੋਏ ਵਿਸ਼ਿਆਂ ਦੇ ਹੀ ਦਿੱਤੇ ਜਾਣਗੇ।

(ਹ) ਰੀਅਪੀਅਰ ਪ੍ਰੀਖਿਆਰਥੀ ਜੇਕਰ ਮੁੜ ਪ੍ਰਯੋਗੀ ਪ੍ਰੀਖਿਆ ਦੇਣੀ ਚਾਹੁੰਦੇ ਹਨ ਤਾਂ ਉਹ ਆਪਣੇ ਦਾਖਲਾ ਫਾਰਮ ਵਿੱਚ ਸਪਸ਼ਟ ਤੌਰ ਤੇ ਲਿਖਣਗੇ, ਨਹੀਂ ਤਾਂ ਉਨ੍ਹਾਂ ਦੇ ਪਹਿਲਾਂ ਵਾਲੇ ਅੰਕ ਹੀ ਰੱਖੇ ਜਾਣਗੇ।

4.(ੳ) ਦੋ ਜਰੂਰੀ ਵਿਸ਼ਿਆ ਵਿੱਚੋਂ ਫੇਲ ਹੋਣ ਵਾਲੇ ਪ੍ਰੀਖਿਆਰਥੀਆਂ ਦਾ ਨਤੀਜਾ ਰੀਅਪੀਅਰ ਦਰਸਾਇਆ ਜਾਵੇਗਾ। ਰੀਅਪੀਅਰ ਕਲੀਅਰ ਕਰਨ ਲਈ ਉਮੀਦਵਾਰ ਨੂੰ ਅਗਲੇ ਦੋ ਮੌਕੇ ਦਿੱਤੇ ਜਾਣਗੇ।

(ਅ) ਕੇਵਲ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਵਿਸ਼ੇ ਵਿੱਚ ਫੇਲ੍ਹ ਪ੍ਰੀਖਿਆਰਥੀ ਦਾ ਨਤੀਜਾ ਵੀ ਰੀਅਪੀਅਰ ਦਰਸਾਇਆ ਜਾਵੇਗਾ।

(ੲ) ਜਿਹੜਾ ਪ੍ਰੀਖਿਆਰਥੀ ਪਹਿਲਾਂ ਦਿੱਤੇ ਮੌਕਿਆਂ ਵਿੱਚੋਂ ਰੀਅਪੀਅਰ ਦੇ ਦੋ ਵਿਸ਼ਿਆਂ ਵਿੱਚੋਂ ਇਕ ਵਿਸ਼ਾ ਪਾਸ ਕਰ ਲੈਂਦਾ ਹੈ , ਦਾ ਨਤੀਜਾ ਪਾਸ ਘੋਸ਼ਿਤ ਹੋਵੇਗਾ ਅਤੇ ਫੇਲ੍ਹ ਹੋਣ ਵਾਲਾ ਵਿਸ਼ਾ ਨਤੀਜੇ ਦੇ ਨਾਲ ਬਰੈਕਟ ਵਿੱਚ ਦਰਸਾਇਆ ਜਾਵੇਗਾ। ਪਰ ਦੋਹਾਂ ਰੀਅਪੀਅਰ ਵਿਸ਼ਿਆਂ ਵਿੱਚੋਂ ਜੇਕਰ ਇੱਕ ਵਿਸ਼ਾ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਹੈ ਤਾਂ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਵਿਸ਼ਾ ਪਾਸ ਕਰਨਾ ਲਾਜਮੀ ਹੈ।

(ਸ) ਜਿਹੜਾ ਪ੍ਰੀਖਿਆਰਥੀ ਲਗਾਤਾਰ ਦੋ ਮੌਕਿਆਂ ਵਿੱਚੋਂ ਰੀਅਪੀਅਰ ਵਿਸ਼ਾ ਪਾਸ ਨਹੀਂ ਕਰਦਾ ਉਸਦਾ ਨਤੀਜਾ ਫੇਲ੍ਹ ਘੋਸ਼ਿਤ ਕੀਤਾ ਜਾਵੇਗਾ ਅਤੇ ਉਸ ਨੂੰ ਨਵੇਂ ਸਿਰਿਓਂ ਸਾਰੇ ਵਿਸ਼ਿਆਂ ਦੀ ਪ੍ਰੀਖਿਆ ਦੇਣੀ ਪਵੇਗੀ।

(ਹ) ਫੇਲ੍ਹ/ਵਾਧੂ ਵਿਸ਼ਾ ਉਮੀਦਵਾਰ ਸਾਇੰਸ ਜਾਂ ਹੋਰ ਪ੍ਰੈਕਟੀਕਲ ਵਾਲੇ ਵਿਸ਼ੇ ਵਿਚ ਪਾਸ ਹੋਣ ਉਪਰੰਤ ਇਸ ਦਾ ਲਾਭ ਨਹੀਂ ਲੈ ਸਕਦੇ। ਭਾਵ ਪ੍ਰੈਕਟੀਕਲ ਦੀ ਪ੍ਰੀਖਿਆ ਦੇਣੀ ਪਵੇਗੀ।

(5) <u>ਨਤੀਜੇ ਦੇ ਪ੍ਰਾਪਤ ਅੰਕਾਂ ਵਿੱਚ ਕਾਰਗੁਜਾਰੀ ਵਧਾਉਣ ਲਈ :-</u>

ਜਿਸ ਪ੍ਰੀਖਿਆਰਥੀ ਨੇ ਦਸਵੀਂ ਪ੍ਰੀਖਿਆ ਪਾਸ ਨਹੀਂ ਕੀਤੀ ਹੋਵੇ ਤਾਂ ਉਹ ਆਪਣੇ ਨਤੀਜੇ ਦੀ ਕਾਰਗੁਜਾਰੀ ਸੁਧਾਰ ਲਈ ਇੱਕ ਵਿਸ਼ੇ ਜਾਂ ਇੱਕ ਤੋਂ ਵੱਧ ਵਿਸ਼ਿਆਂ ਵਿੱਚ ਅਗਲੇ ਦੋ ਸਾਲ ਵਿੱਚ ਕੇਵਲ ਦੋ ਮੌਕਿਆਂ ਵਿੱਚ ਪ੍ਰੀਖਿਆ ਦੇ ਸਕਦਾ ਹੈ, ਬਸ਼ਰਤੇ ਕਿ ਉਸਨੇ ਅਗਲੀ ਉਚੇਰੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ। ਪ੍ਰੰਤੂ ਇਹ ਵੀ ਸ਼ਰਤ ਹੈ ਕਿ ਅਜਿਹੇ ਪ੍ਰੀਖਿਆਰਥੀ ਦਾ ਨਤੀਜਾ ਉਸੇ ਸੂਰਤ ਵਿੱਚ ਘੋਸ਼ਿਤ ਕੀਤਾ ਜਾਵੇਗਾ, ਜੇ ਉਹ ਦਿੱਤੀ ਪ੍ਰੀਖਿਆ ਦੇ ਵਿਸ਼ੇ/ਵਿਸ਼ਿਆਂ ਵਿੱਚ ਪਹਿਲਾਂ ਨਾਲੋਂ ਵੱਧ ਪ੍ਰਾਪਤ ਅੰਕਾਂ ਵਿੱਚ ਕੁੱਲ ਅੰਕਾਂ ਦਾ ਘੱਟੋਂ ਘੱਟ ਵਾਧਾ 5% ਕਰ ਲੈਂਦਾ ਹੈ, ਨਹੀਂ ਤਾਂ ਪਹਿਲਾਂ ਨਤੀਜਾ ਬਰਕਰਾਰ ਰਹੇਗਾ ਭਾਵ ਪ.ਰ.ਸ.।ਨਿਯਮਾਂ ਵਿੱਚ ਦਿੱਤੇ ਅਨੁਸਾਰ ਪ੍ਰਯੋਗੀ ਅੰਕ ਚੁੱਕ ਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

6(ੳ) ਪੰਜਾਬੀ ਦੀ ਥਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਦਾ ਵਿਸ਼ਾ ਕੇਵਲ ਉਹੀ ਉਮੀਦਵਾਰ ਲੈ ਸਕਦੇ ਹਨ, ਜਿਨ੍ਹਾਂ ਦੇ ਮਾਪੇ ਸਰਕਾਰੀ/ ਅੱਧ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਬਦਲੀ ਭਾਰਤ ਵਿੱਚ ਕਿਸੇ ਵੀ ਥਾਂ ਹੋ ਸਕਦੀ ਹੈ ਜਾਂ ਜਿਨ੍ਹਾਂ ਦੂਜੇ ਰਾਜਾਂ ਦੇ ਉਮੀਦਵਾਰ ਨੇ ਅੱਠਵੀਂ ਤੱਕ ਪੰਜਾਬੀ ਨਹੀਂ ਪੜੀ ਹੋਵੇ। ਅਜਿਹੇ ਉਮੀਦਵਾਰ ਨੂੰ ਅੱਠਵੀਂ ਤੱਕ ਪੰਜਾਬੀ ਨਾ ਪੜ੍ਹਨ ਦਾ ਸਬੂਤ ਪੇਸ਼ ਕਰਨਾ ਪਵੇਗਾ।

(ਅ) ਵਿਦੇਸ਼ੀ ਉਮੀਦਵਾਰ ਹਿੰਦੀ ਦੀ ਥਾਂ ਤੇ ਵਾਧੂ ਭਾਸ਼ਾਵਾਂ ਵਿੱਚੋਂ ਇੱਕ ਭਾਸ਼ਾ ਲੈ ਸਕਦੇ ਹਨ। ਪੰਜਾਬੀ ਦੀ ਥਾਂ ਤੇ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ ਦਾ ਵਿਸ਼ਾ ਲੈ ਸਕਦੇ ਹਨ।

(ੲ) ਇਸਲਾਮਿਕ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਹਿੰਦੀ ਦੀ ਥਾਂ ਉਰਦੂ ਦਾ ਵਿਸ਼ਾ ਲਾਜ਼ਮੀ ਵਿਸ਼ੇ ਦੇ ਤੌਰ ਤੇ ਲੈ ਸਕਦੇ ਹਨ।

7) ਨੇਤਰਹੀਣ/ਗੁੰਗੇ ਅਤੇ ਬੋਲੇ ਪ੍ਰੀਖਿਆਰਥੀ ਲਈ ਪੰਜਾਬੀ ਵਿਸ਼ਾ ਲੈਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕੋਈ ਪੰਜ ਵਿਸ਼ੇ ਲੈ ਸਕਦੇ ਹਨ:- ਅੰਗਰੇਜੀ, ਹਿੰਦੀ, ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਸਿਹਤ ਤੇ ਸਰੀਰਕ ਸਿੱਖਿਆ, ਸੰਗੀਤ(ਗਾਇਨ), ਸੰਗੀਤ(ਤਬਲਾ), ਸੰਗੀਤ(ਵਾਦਨ), ਮਕੈਨੀਕਲ ਡਰਾਇੰਗ ਅਤੇ ਚਿੱਤਰਕਲਾ, ਗ੍ਰਹਿ ਵਿਗਿਆਨ, ਕਟਿੰਗ ਅਤੇ ਟੇਲਰਿੰਗ, ਕੰਪਿਊਟਰ ਸਾਇੰਸ, ਖੇਤੀਬਾੜੀ, ਸੰਸਕ੍ਰਿਤ, ਉਰਦੂ, ਬੰਗਲਾ, ਮਰਾਠੀ, ਗੁਜਰਾਤੀ, ਤੇਲਗੂ, ਤਾਮਿਲ, ਮਲਿਆਲਮ, ਉੜੀਆ, ਅਸਾਮੀ, ਕੰਨੜ, ਫਾਰਸੀ, ਅਰਬੀ, ਨੇਪਾਲੀ,

ਤਿੱਬਤੀ, ਫਰਾਂਸੀਸੀ, ਜਰਮਨ, ਪੁਰਤਗੇਜੀ, ਰੂਸੀ, ਕੋਰੀਅਨ, ਅਤੇ ਪ੍ਰੀ-ਵੋਕੇਸ਼ਨਲ ਵਿਸ਼ੇ।

8) ਮਾਰਚ 2009 ਵਾਲੇ ਜਿਹੜੇ ਸਕੂਲ ਪ੍ਰੀਖਿਆਰਥੀ ਮਾਰਚ 2010 ਵਿੱਚ ਰੀਅਪੀਅਰ ਦੀ ਪ੍ਰੀਖਿਆ ਦੇ ਰਹੇ ਹਨ, ਦੀ ਲਾਜ਼ਮੀ ਕੰਪਿਊਟਰ ਸਿੱਖਿਆ ਦੀ ਗਰੇਡਿੰਗ ਮਾਰਚ 2009 ਵਾਲੀ ਦਰਸਾਈ ਜਾਵੇਗੀ।

9) ਕਾਰਗੁਜਾਰੀ ਵਿੱਚ ਸੁਧਾਰ ਲਈ ਮਾਰਚ 2010 ਵਿੱਚ ਪ੍ਰੀਖਿਆ ਦੇਣ ਵਾਲੇ ਪ੍ਰੀਖਿਆਰਥੀ ਦੀ ਲਾਜ਼ਮੀ ਕੰਪਿਊਟਰ ਸਿੱਖਿਆ ਦੀ ਗਰੇਡਿੰਗ ਪਹਿਲਾਂ ਪਾਸ ਕੀਤੀ ਪ੍ਰੀਖਿਆ ਵਾਲੀ ਦਰਸਾਈ ਜਾਵੇਗੀ।

10) ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਕਲੰਡਰ (ਭਾਗ ਦੂਜਾ) ਵਿੱਚ ਦਰਜ ਮੈਟ੍ਰਿਕ ਪ੍ਰੀਖਿਆ, ਵਿਨਿਯਮਾਂ 1988 ਅਨੁਸਾਰ ਕਾਰਵਾਈ ਕੀਤੀ ਜਾਵੇਗੀ।